# ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ, ਮੋਹਾਲੀ।
ਨੰ. ਗਮਾਡਾ-ਐਲ.ਏ.ਸੀ.2026/
ਮਿਤੀ:

**ਵਿਸ਼ਾ-** **ਐਸ.ਏ.ਐਸ. ਨਗਰ ਵਿਖੇ ਵਪਾਰਕ ਬੁਨਿਆਦੀ ਢਾਂਚੇ ਲਈ ਸੈਕਟਰ-87 ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ-ਧਾਰਾ 8 ਅਧੀਨ ਕਾਰਵਾਈ।**

**ਹਵਾਲਾ:-** **ਪੱਤਰ ਨੰਬਰ 1/1322224/26 ਮਿਤੀ 18.02.2026 ਦੇ ਹਵਾਲੇ ਵਿੱਚ।**

Daily No. 931
Date 20/02/26

ਕਿਉਂਜੋ ਵਿਸ਼ੇ ਸਬੰਧੀ ਸਕੀਮ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਬਾਬਤ ਪੰਜਾਬ ਸਰਕਾਰ ਵੱਲੋ The Right to Fair Compensation and Transparency in Land Acquisition, Rehabilitation and Resettlement Act, 2013 ਅਧੀਨ ਗਠਿਤ ਕੀਤੇ ਐਕਸਪਰਟ ਗਰੁੱਪ ਨੇ ਘੋਖ ਕਰਨ ਉਪਰੰਤ ਇਸ ਸਕੀਮ ਲਈ ਨਿਮਨ ਪਿੰਡ ਦੀ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਹੈ:-

**ਪਿੰਡਾਂ ਦਾ ਨਾਮ : ਮਾਣਕ ਮਾਜਰਾ, ਨਾਨੂੰ ਮਾਜਰਾ, ਸੰਭਾਲਕੀ ਅਤੇ ਸੋਹਾਣਾ**

ਸਾਰਾ ਮਾਮਲਾ ਸਰਕਾਰ ਦੇ ਪੱਧਰ ਤੇ ਵਿਚਾਰ ਕਰਦੇ ਹੋਏ ਯਕੀਨ ਕਰ ਲਿਆ ਹੈ ਕਿ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਕਰਕੇ ਲੋਕਾਂ ਦਾਂ ਘੱਟ ਤੋਂ ਘੱਟ ਉਜਾੜਾ ਹੋਵੇਗਾ, ਬੁਨਿਆਦੀ ਢਾਂਚੇ ,ਵਾਤਾਵਰਣ ਵਿੱਚ ਘੱਟੋਂ ਘੱਟ ਗੜਬੜ ਅਤੇ ਪ੍ਰਭਾਵਿਤ ਵਿਅਕਤੀਆਂ ਵਿੱਚ ਘੱਟੋਂ ਘੱਟ ਪ੍ਰਤੀਕੂਲ ਪ੍ਰਭਾਵ ਪਵੇਗਾ। ਲਿਹਾਜਾ ਸਮਰਥ ਅਥਾਰਟੀ ਵੱਲੋਂ ਇਸ ਸਕੀਮ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦਾ ਫੈਸਲਾ ਲਿਆ ਹੈ।

ਭੌਂ ਪ੍ਰਾਪਤੀ ਕੁਲੈਕਟਰ

**ਪਿੱਠ ਅੰਕਣ ਨੰ .ਗਮਾਡਾ-ਐਲ.ਏ.ਸੀ.2026/** 2472. **ਮਿਤੀ:** 19/2/26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ:-

1. ਸਬ-ਡਵੀਜਨਲ ਮੈਜਿਸਟਰੇਟ, ਮੋਹਾਲੀ।
2. ਤਹੀਸੀਲਦਾਰ, ਮੋਹਾਲੀ।
3. ਸਰਪੰਚ, ਪਿੰਡ **ਮਾਣਕ ਮਾਜਰਾ, ਨਾਨੂੰ ਮਾਜਰਾ, ਸੰਭਾਲਕੀ ਅਤੇ ਸੋਹਾਣਾ** ਇਸ ਪੱਤਰ ਬਾਬੰਤ ਪਿੰਡ ਵਿੱਚ ਮੁਨਾਦੀ ਕਰਵਾਈ ਜਾਵੇ ਅਤੇ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸਹੂਰ ਥਾਵਾਂ ਜਿਵੇਂ ਕਿ ਮੰਦਿਰ, ਗੁਰਦੁਆਰਾ ਸਾਹਿਬ, ਮਸਜਿਦ , ਜੰਜ –ਘਰ, ਕਮਿਉਨਿਟੀ ਸੈਂਟਰ ਆਦ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ.(ਆਈ.ਟੀ), ਗਮਾਡਾ। ਇਹ ਪੱਤਰ ਗਮਾਡਾ ਦੀ ਵੈਬ-ਸਾਈਟ ਤੇ ਅਪ-ਲੋਡ ਕੀਤਾ ਜਾਵੇ।
5. ਮਿਊਸਿੰਪਲ ਕਾਰਪੋਰੇਸ਼ਨ, ਮੋਹਾਲੀ।
6. ਸੁਪਰਡੰਟ ਹਾਊਸਿੰਗ-1 (ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ) ਨੂੰ ਸੂਚਨਾ ਹਿੱਤ।

Rohit
ਭੌਂ ਪ੍ਰਾਪਤੀ ਕੁਲੈਕਟਰ

20/2/26

File No:H-U-H1/114/2025-6H1

I/1322224/26.

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1 ਸ਼ਾਖਾ)

ਸੇਵਾ ਵਿਖੇ

ਭੌਂ ਪ੍ਰਾਪਤੀ ਕੁਲੈਕਟਰ,
ਸ਼ਹਿਰੀ ਵਿਕਾਸ ਵਿਭਾਗ,
ਪੁੱਡਾ ਭਵਨ, ਐਸ.ਏ.ਐਸ. ਨਗਰ।
ਮਿਤੀ:ਚੰਡੀਗੜ੍ਹ: 18/02/2026.

ਵਿਸ਼ਾ:- Minutes of the meeting of Expert Group constituted under Section 7 of the RFCTLARR Act, 2013 regarding Acquisition of Setting up of Commercial Infrastructure in Sector 87 at Sahibzada Ajit Singh Nagar.

*******

ਉਪਰੋਕਤ ਵਿਸ਼ੇ ਤੇ ਆਪ ਦੇ ਦਫ਼ਤਰ ਦੇ ਡਾਇਰੀ ਨੰ: 1686 ਮਿਤੀ 09.02.2026 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਸੈਕਟਰ -87 ਵਿੱਚ Commercial Infrastructure ਦੀ ਸਥਾਪਨਾ ਕਰਨ ਲਈ 201.7813 ਏਕੜ ਰਕਬੇ ਨੂੰ ਆਮ ਜਨਤਾ ਦੇ ਹਿੱਤ ਵਿੱਚ ਭੌਂ ਪ੍ਰਾਪਤੀ ਐਕਟ, 2013 ਅਧੀਨ ਐਕੁਆਇਰ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸਮਾਜਿਕ ਪ੍ਰਭਾਵ ਮੁਲਾਂਕਣ ਕੀਤਾ ਗਿਆ ਜਿਸ ਉਪਰੰਤ ਉਕਤ ਅਥਾਰਟੀ ਵੱਲੋਂ ਪੇਸ਼ ਕੀਤੀ ਗਈ ਸਮਾਜਿਕ ਪ੍ਰਭਾਵ ਮੁਲਾਂਕਣ ਸਬੰਧੀ ਰਿਪੋਰਟ ਬਾਰੇ ਸਿਫਾਰਿਸ਼ਾਂ/ਸੁਝਾਅ ਦੇਣ ਹਿੱਤ ਸਰਕਾਰ ਪੱਧਰ ਤੇ ਮਾਹਿਰ ਕਮੇਟੀ ਦਾ ਗਠਨ ਕੀਤਾ ਗਿਆ ਸੀ। ਮਾਹਿਰ ਕਮੇਟੀ ਵੱਲੋਂ ਪੇਸ਼ ਕੀਤੀਆਂ ਗਈਆ ਸਿਫਾਰਿਸ਼ਾਂ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ ਹੈ।

3. ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਹਿਰ ਗਰੁੱਪ ਦੀਆਂ ਸਿਫ਼ਾਰਿਸ਼ਾਂ ਨੂੰ ਸਰਕਾਰ ਪੱਧਰ ਤੇ ਵਿਚਾਰਨ ਉਪਰੰਤ ਇਸ ਪ੍ਰੋਜੈਕਟ ਵਿੱਚ ਪੈਂਦੀ ਜਗ੍ਹਾ ਨੂੰ ਐਕੁਆਇਰ ਕਰਨ ਹਿੱਤ ਫੈਸਲਾ ਲਿਆ ਗਿਆ ਹੈ। ਇਸ ਲਈ ਭੌਂ ਪ੍ਰਾਪਤੀ ਐਕਟ, 2013 ਵਿੱਚ ਦਰਜ ਵਿਧੀ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

4. ਇਹ ਪੱਤਰ ਸਮਰੱਥ ਅਥਾਰਟੀ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।

ਗੁਰਸੇਵਕ ਸਿੰਘ
ਸੁਪਰਡੰਟ 18/2/26

Scanned with OKEN Scanner